HM Government

# ਸਿਹਤਮੰਦ ਜ਼ਿੰਦਗੀਆਂ, ਸਿਹਤਮੰਦ ਲੋਕ:

ਨਵੀਂ ਜਾਣਕਾਰੀ ਅਤੇ ਅੱਗੇ ਦਾ ਰਸਤਾ

*ਸਿਹਤਮੰਦ ਜ਼ਿੰਦਗੀਆਂ, ਸਿਹਤਮੰਦ ਲੋਕ: ਨਵੀਂ ਜਾਣਕਾਰੀ ਅਤੇ ਅੱਗੇ ਦਾ ਰਸਤਾ*

ਹਰ ਮੈਜਸਟੀ (Her Majesty) ਦੇ ਆਦੇਸ਼ ਦੁਆਰਾ
ਸੈਕਟਰੀ ਆਫ਼ ਸਟੇਟ ਫਾਰ ਹੈਲਥ (Secretary of State for Health) ਦੇ ਦੁਆਰਾ
ਪਾਰਲਿਆਮੈਂਟ ਵਿੱਚ ਪੇਸ਼ ਕੀਤਾ ਗਿਆ

ਜੁਲਾਈ 2011

Cm 8134 £15.50

© ਕ੍ਰਾਊਨ ਕਾਪੀਰਾਈਟ 2011

ਤੁਸੀਂ ਖੁੱਲ੍ਹੇ ਸਰਕਾਰੀ ਲਾਇਸੈਂਸ (Open Government Licence) ਦੀਆਂ ਸ਼ਰਤਾਂ ਤਹਿਤ, ਇਸ ਜਾਣਕਾਰੀ ਨੂੰ (ਪ੍ਰਤੀਕਾਂ ਤੋਂ ਬਿਨਾਂ) ਬਗੈਰ ਕਿਸੇ ਮੁੱਲ ਦੇ ਮੁੜ ਤੋਂ ਇਸਤੇਮਾਲ ਕਰ ਸਕਦੇ ਹੋ। ਇਸ ਲਾਇਸੈਂਸ ਨੂੰ ਦੇਖਣ ਲਈ http://www.nationalarchives.gov.uk/doc/open-governmentlicence/ 'ਤੇ ਜਾਓ ਜਾਂ ਇਸ ਪਤੇ 'ਤੇ ਈਮੇਲ ਕਰੋ: psi@nationalarchives.gsi.gov.uk.

ਜਿੱਥੇ ਅਸੀਂ ਕਿਸੇ ਤੀਜੀ ਧਿਰ ਦੀ ਕਾਪੀਰਾਈਟ ਜਾਣਕਾਰੀ ਦੀ ਪਛਾਣ ਕੀਤੀ ਹੈ ਉੱਥੇ ਤੁਹਾਨੂੰ ਸਬੰਧਤ ਕਾਪੀਰਾਈਟ ਧਾਰਕਾਂ ਤੋਂ ਇਜਾਜ਼ਤ ਲੈਣ ਦੀ ਲੋੜ ਹੋਵੇਗੀ।

ਇਸ ਪ੍ਰਕਾਸ਼ਨ ਦੇ ਸਬੰਧ ਵਿੱਚ ਕੋਈ ਵੀ ਪੁੱਛਗਿੱਛ ਇਸ ਪਤੇ 'ਤੇ ਭੇਜੀ ਜਾਣੀ ਚਾਹੀਦੀ ਹੈ: Public Health Development Unit, Department of Health, G14 Wellington House, 133-155 Waterloo Road, SE1 8UG

ਇਹ ਪ੍ਰਕਾਸ਼ਨ www.official-documents.gov.uk 'ਤੇ ਡਾਊਨਲੋਡ ਕੀਤੇ ਜਾਣ ਲਈ ਉਪਲਬਧ ਹੈ।

ਇਹ ਦਸਤਾਵੇਜ਼ ਸਾਡੀ ਵੈਬਸਾਈਟ www.dh.gov.uk ਤੋਂ ਵੀ ਮਿਲ ਸਕਦਾ ਹੈ।

ISBN: 9780101813426

The Stationery Office Limited ਦੇ ਦੁਆਰਾ ਯੂਕੇ ਵਿੱਚ ਛਾਪਿਆ ਗਿਆ
Controller of Her Majesty's Stationery Office ਦੇ ਵਲੋਂ

ID 2441180 07/11
ਘੱਟੋ-ਘੱਟ 75% ਰੀਸਾਈਕਲ ਕੀਤੀ ਫਾਈਬਰ ਸਮੱਗਰੀ ਵਾਲੇ ਕਾਗਜ਼ 'ਤੇ ਛਾਪਿਆ ਗਿਆ।

# ਕਾਰਜਕਾਰੀ ਸਾਰ

1. ਵਾਇਟ ਪੇਪਰ *ਸਿਹਤਮੰਦ ਜ਼ਿੰਦਗੀਆਂ, ਸਿਹਤਮੰਦ ਲੋਕ: ਇੰਗਲੈਂਡ ਵਿੱਚ ਜਨਤਕ ਸਿਹਤ ਲਈ ਸਾਡੀ ਰਣਨੀਤੀ* ਇੰਗਲੈਂਡ ਵਿੱਚ ਸੁਧਰੀ ਹੋਈ ਜਨਤਕ ਸਿਹਤ ਪ੍ਰਣਾਲੀ ਲਈ ਵਿਆਪਕ ਦੂਰਦ੍ਰਿਸ਼ਟੀ ਬਾਰੇ ਦੱਸਦਾ ਹੈ। ਇਹ ਨੀਤੀ ਬਿਆਨ ਉਸ ਤਰੱਕੀ ਬਾਰੇ ਦੱਸਦਾ ਹੈ ਜੋ ਅਸੀਂ ਇਸ ਦੂਰਦ੍ਰਿਸ਼ਟੀ ਨੂੰ ਵਿਕਸਤ ਕਰਨ ਲਈ ਕੀਤੀ ਹੈ ਅਤੇ ਉਹਨਾਂ ਮੁੱਦਿਆਂ ਦੀ ਸ਼ਨਾਖਤ ਕਰਦਾ ਹੈ ਜਿੱਥੇ ਹੋਰ ਵਿਕਾਸ ਦੀ ਲੋੜ ਹੈ, ਅਤੇ ਇਸ ਕੰਮ ਲਈ ਸਮਾਂਰੇਖਾ ਬਾਰੇ ਵੀ ਦੱਸਦਾ ਹੈ।

2. *ਸਿਹਤਮੰਦ ਜ਼ਿੰਦਗੀਆਂ, ਸਿਹਤਮੰਦ ਲੋਕ* ਨੇ ਜਨਤਕ ਸਿਹਤ ਵੱਲ ਨਵੀਂ ਪਹੁੰਚ ਲਈ ਅਸਲ ਉਤਸ਼ਾਹ ਪੈਦਾ ਕੀਤਾ ਅਤੇ ਪੂਰੇ ਜੀਵਨ ਵਿੱਚ ਲੋਕਾਂ ਦੀ ਸਿਹਤ ਵਿੱਚ ਸੁਧਾਰ ਲਿਆਉਣ ਲਈ ਸਮੁੱਚੀਆਂ ਸਥਾਨਕ ਅਥਾਰਟੀਆਂ ਅਤੇ ਜਨਤਕ ਸਿਹਤ ਪੇਸ਼ੇ ਵਿੱਚ ਵਚਨਬੱਧਤਾ ਪੈਦਾ ਕੀਤੀ। ਅਸੀਂ ਇਸ ਗਤੀ ਨੂੰ ਕਾਇਮ ਰੱਖਣਾ ਚਾਹੁੰਦੇ ਹਾਂ, ਅਤੇ ਹੁਣ ਤਕ ਦੀ ਤਰੱਕੀ ਬਾਰੇ ਦੱਸ ਕੇ, ਅਤੇ ਅਗਲੇ ਕਦਮਾਂ ਨੂੰ ਸਪਸ਼ਟ ਕਰਕੇ, ਅਸੀਂ ਅਨਿਸ਼ਚਤਤਾ ਨੂੰ ਘਟਾਉਣਾ ਅਤੇ ਸਥਾਨਕ ਅਥਾਰਟੀਆਂ ਅਤੇ ਜਨਤਕ ਸਿਹਤ ਪੇਸ਼ੇਵਰਾਂ ਨੂੰ ਉਤਸ਼ਾਹਿਤ ਕਰਨਾ ਚਾਹੁੰਦੇ ਹਾਂ, ਜਿਸ ਨਾਲ ਉਹਨਾਂ ਸਥਾਨਕ ਸਬੰਧਾਂ ਅਤੇ ਭਾਈਵਾਲੀਆਂ ਦੀ ਯੋਜਨਾ ਅਤੇ ਨਿਰਮਾਣ ਨੂੰ ਜਾਰੀ ਰੱਖਿਆ ਜਾ ਸਕੇ ਜੋ ਨਵੀਂ ਜਨਤਕ ਸਿਹਤ ਪ੍ਰਣਾਲੀ ਨੂੰ ਲਾਗੂ ਕਰਨ ਵਿੱਚ ਅਹਿਮ ਹੋਣਗੇ।

3. *ਸਿਹਤਮੰਦ ਜ਼ਿੰਦਗੀਆਂ, ਸਿਹਤਮੰਦ ਲੋਕ* ਵਿੱਚ ਤਜਵੀਜ਼ ਕੀਤੀਆਂ ਵਿਆਪਕ ਤਬਦੀਲੀਆਂ ਉਹਨਾਂ ਚੁਣੌਤੀਆਂ ਦਾ ਜਵਾਬ ਹਨ ਜਿਹਨਾਂ ਸਾਨੂੰ ਲੋਕਾਂ ਦੀ ਸਿਹਤ ਦੇ ਸਬੰਧ ਵਿੱਚ ਕਰਨਾ ਪੈਂਦਾ ਹੈ। ਮਿਸਾਲ ਲਈ, ਤਿੰਨ ਬਾਲਗ ਵਿਅਕਤੀਆਂ ਵਿੱਚੋਂ ਦੋ ਵਧ ਭਾਰ ਵਾਲੇ ਜਾਂ ਮੋਟੇ ਹਨ; ਅਤੇ ਸਿਹਤ ਵਿੱਚ ਅਸਮਾਨਤਾਵਾਂ ਬਹੁਤ ਫੈਲੀਆਂ ਹੋਈਆਂ ਹਨ, ਜਿੱਥੇ ਸਭ ਤੋਂ ਗਰੀਬ ਇਲਾਕਿਆਂ ਵਿੱਚ ਰਹਿੰਦੇ ਲੋਕ ਅਮੀਰ ਇਲਾਕਿਆਂ ਵਿੱਚ ਰਰਹਿਣ ਵਾਲੇ ਲੋਕਾਂ ਤੋਂ ਔਸਤਨ 7 ਸਾਲ ਘੱਟ ਜਿਉਂਦੇ ਹਨ, ਅਤੇ 17 ਤਕ ਵਧੇਰੇ ਸਾਲ ਦੀ ਮਾੜੀ ਸਿਹਤ ਨਾਲ ਜ਼ਿੰਦਗੀ ਬਸਰ ਕਰਦੇ ਹਨ। ਅਤੇ ਸਿਹਤ ਨੂੰ ਵੱਡੇ ਖਤਰੇ ਬਣੇ ਹੋਏ ਹਨ, ਜੋ ਬਿਮਾਰੀਆਂ ਫੈਲਣ ਜਾਂ ਨਵੀਆਂ ਮਹਾਮਾਰੀਆਂ ਦੇ ਜੋਖਮ ਤੋਂ ਲੈ ਕੇ ਦਹਿਸ਼ਤਗਰਦੀ ਦੀਆਂ ਘਟਨਾਵਾਂ ਦੇ ਸੰਭਾਵਤ ਅਸਰ ਤਕ ਹੁੰਦੇ ਹਨ।

4. ਇਸ ਚੁਣੌਤੀ ਲਈ ਨਵੀਂ ਪਹੁੰਚ, ਸਥਾਨਕ ਸਮੁਦਾਇਆਂ ਤਕ ਪਹੁੰਚਣ, ਜਨਤਕ ਸਿਹਤ ਨਿਪੁੰਨਤਾ ਰਾਹੀਂ ਤਰੀਕੇਬੱਧ ਢੰਗ ਨਾਲ ਸਹਾਰਾ ਦੇਣ ਅਤੇ ਨਿਰਧਾਰਤ ਅਸਲ ਰਾਜਨੀਤਿਕ ਤਰਜੀਹ ਦੀ ਲੋੜ ਹੈ। ਅਸੀਂ ਇਸੇ ਕਰਕੇ ਇੰਗਲੈਂਡ ਲਈ ਸੁਧਰੀ ਹੋਈ ਜਨਤਕ ਸਿਹਤ ਪ੍ਰਣਾਲੀ ਲਈ ਵਚਨਬੱਧ ਹਾਂ ਜਿਸ ਵਿੱਚ:
   - **ਸਥਾਨਕ ਅਥਾਰਟੀਆਂ ਜਨਤਕ ਸਿਹਤ ਲਈ ਨਵੀਆਂ ਜ਼ਿੰਮੇਵਾਰੀਆਂ ਚੁੱਕਦੀਆਂ ਹਨ।** ਇਹ ਭੂਮਿਕਾ ਸਥਾਨਕ ਸਰਕਾਰ ਨੂੰ ਦੇਣ ਨਾਲ ਭਾਈਚਾਰਕ ਰੁਝੇਵਿਆਂ ਲਈ, ਅਤੇ ਸਭ ਤਰ੍ਹਾਂ ਦੀਆਂ ਸਥਾਨਕ ਸੇਵਾਵਾਂ (ਮਿਸਾਲ ਲਈ ਸਿਹਤ, ਰਿਹਾਇਸ਼, ਮਨਪ੍ਰਚਾਵਾ, ਨਿਯੋਜਨ, ਟਰਾਂਸਪੋਰਟ, ਰੁਜ਼ਗਾਰ ਅਤੇ ਸਮਾਜਿਕ ਦੇਖਭਾਲ) ਨੂੰ ਸ਼ਾਮਲ ਕਰਦੇ ਹੋਏ ਸਿਹਤ ਅਤੇ ਕਲਿਆਣ ਵਾਸਤੇ ਸੰਪੂਰਨ ਹੱਲ ਵਿਕਸਿਤ ਕਰਨ ਲਈ ਨਵੇਂ ਮੌਕੇ ਖੁੱਲ੍ਹਦੇ ਹਨ। ਸਥਾਨਕ ਅਥਾਰਟੀਆਂ ਦੀਆਂ ਨਵੀਆਂ ਜਨਤਕ ਸਿਹਤ ਜ਼ਿੰਮੇਵਾਰੀਆਂ ਨੂੰ ਇਸ ਮਕਸਦ ਲਈ ਸੁਰੱਖਿਅਤ ਕੀਤੇ ਰੱਖੇ ਬਜਟ ਦੁਆਰਾ ਸਹਾਇਤਾ ਦਿੱਤੀ ਜਾਵੇਗੀ। ਡਾਇਰੈਕਟਰਜ ਆਫ਼ ਪਬਲਿਕ ਹੈਲਥ (ਜਨਤਕ ਸਿਹਤ ਦੇ ਨਿਦੇਸ਼ਕ) ਸਥਾਨਕ ਅਥਾਰਟੀ ਲਈ ਸਿਹਤ ਬਾਰੇ ਪ੍ਰਮੁੱਖ ਸਲਾਹਕਾਰ ਦੇ ਤੌਰ 'ਤੇ ਇਸ ਕੰਮ ਦੀ ਅਗਵਾਈ ਕਰਨਗੇ;
   - **ਸਥਾਨਕ ਅਥਾਰਟੀਆਂ ਨੂੰ ਨਵੀਂ ਏਕੀਕ੍ਰਿਤ ਜਨਤਕ ਸਿਹਤ ਸੇਵਾ, ਪਬਲਿਕ ਹੈਲਥ ਇੰਗਲੈਂਡ** ਦੁਆਰਾ ਸਹਾਇਤਾ ਦਿੱਤੀ ਜਾਵੇਗੀ, ਜੋ ਸਿਹਤ ਅਤੇ ਕਲਿਆਣ ਵਿੱਚ ਸੁਧਰੇ ਹੋਏ ਨਤੀਜਿਆਂ ਦੀ ਸਪੁਰਦਗੀ ਦਾ ਸੰਚਾਲਨ ਕਰੇਗੀ ਅਤੇ ਵੱਸੋਂ ਦਾ ਸਿਹਤ ਦੇ ਖਤਰਿਆਂ ਤੋਂ ਬਚਾਅ ਕਰੇਗੀ। ਪਬਲਿਕ ਹੈਲਥ ਇੰਗਲੈਂਡ ਇਸ ਵੇਲੇ ਸਮੁੱਚੀ ਸਿਹਤ ਪ੍ਰਣਾਲੀ ਵਿੱਚ ਵੰਡੀਆਂ ਹੋਈਆਂ ਵੱਖ-ਵੱਖ ਜਨਤਕ ਸਿਹਤ ਮਹਾਰਤਾਂ ਨੂੰ ਇੱਕ ਸੰਸਥਾ ਦੇ ਰੂਪ ਵਿੱਚ ਇਕੱਠਾ ਕਰੇਗਾ। ਇਸ ਨਾਲ ਵਿਸ਼ੇਸ਼ੱਗ ਸਲਾਹ, ਗੁਪਤ ਸੂਚਨਾ ਅਤੇ ਸਬੂਤ ਤਕ ਪਹੁੰਚ ਯਕੀਨੀ ਬਣੇਗੀ ਅਤੇ ਇਹ ਨਵੀਂ ਪਹੁੰਚ ਨੂੰ ਵਿਕਸਿਤ ਕਰਨ ਲਈ ਕੇਂਦਰ ਬਿੰਦੂ ਮੁਹੱਇਆ ਕਰੇਗਾ ਜਿਸ ਵਿੱਚ ਵਿਹਾਰ ਸਬੰਧੀ ਵਿਗਿਆਨ ਤੋਂ ਅੰਤਰਦ੍ਰਿਸ਼ਟੀ ਨੂੰ ਅਪਨਾਉਣਾ; ਅਤੇ ਮਹਾਰਤ ਭਰੀ ਅਤੇ ਲਚਕਦਾਰ ਸਿਹਤ ਸੁਰੱਖਿਆ ਸੇਵਾ ਮੁਹੱਈਆ ਕਰਨਾ ਸ਼ਾਮਲ ਹੈ;
   - ਸਮੁੱਚੀ ਪ੍ਰਣਾਲੀ ਵਿੱਚ **ਉਹਨਾਂ ਨਤੀਜਿਆਂ 'ਤੇ ਮਜਬੂਤੀ ਨਾਲ ਧਿਆਨ ਕੇਂਦਰਤ ਕਰਨਾ ਜੋ ਅਸੀਂ ਹਾਸਲ ਕਰਨਾ ਚਾਹੁੰਦੇ ਹਾਂ।** ਸਮੁੱਚੇ ਜੀਵਨ-ਕਾਲ ਵਿੱਚ ਸਿਹਤ ਵਿੱਚ ਸੁਧਾਰ ਲਿਆਉਣ ਅਤੇ ਇਸ ਦੀ ਰੱਖਿਆ ਕਰਨ ਲਈ, ਅਤੇ ਸਿਹਤ ਵਿੱਚ ਅਜੇ ਵੀ ਮੌਜੂਦ ਅਸਮਾਨਤਾਵਾਂ ਨੂੰ ਘਟਾਉਣ ਲਈ ਮੌਕਿਆਂ ਦੇ ਵਿਆਪਕ ਦਾਇਰੇ ਬਾਰੇ ਦੱਸਣ ਵਾਸਤੇ ਇਸ ਸਾਲ ਬਾਅਦ ਵਿੱਚ ਜਨਤਕ ਸਿਹਤ ਨਤੀਜਿਆਂ ਦੀ ਰੂਪਰੇਖਾ ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ। ਇਹਨਾਂ ਨਤੀਜਿਆਂ ਲਈ ਰਾਸ਼ਟਰ ਪੱਧਰ ਤੋਂ ਸਥਾਨਕ ਪੱਧਰਾਂ ਤਕ, ਅਤੇ

ਸਮੁੱਚੀਆਂ ਜਨਤਕ ਸੇਵਾਵਾਂ ਅਤੇ ਵਿਆਪਕ ਸਮਾਜ ਵਿੱਚ ਜਨਤਕ ਸਿਹਤ ਪ੍ਰਣਾਲੀ ਦੇ ਸਾਰੇ ਹਿੱਸਿਆਂ ਦੁਆਰਾ ਸਮੂਹਿਕ ਕੋਸ਼ਿਸ਼ਾਂ ਦੀ ਲੋੜ ਪਵੇਗੀ;

- **ਜਨਤਕ ਸਿਹਤ ਦੀ ਸਪਸ਼ਟ ਤਰਜੀਹ ਹੈ**, ਜਿਸ ਨੂੰ ਸਮੁੱਚੀ ਸਰਕਾਰ ਦੇ ਕੰਮਕਾਜ ਦੇ ਕੇਂਦਰੀ ਹਿੱਸੇ ਵੱਜੋਂ ਦੇਖਿਆ ਜਾਂਦਾ ਹੈ ਅਤੇ ਇਹ ਯਕੀਨੀ ਬਣਾਉਣ ਲਈ ਕਿ ਜਨਤਕ ਸਿਹਤ ਦਖਲ 'ਤੇ ਕੇਂਦਰਤ ਕੀਤੇ ਧਿਆਨ ਨੂੰ ਬਰਕਰਾਰ ਰੱਖਿਆ ਜਾਵੇ, ਇਸ ਦੀ ਵਸੀਲਿਆਂ ਨਾਲ ਸਹਾਇਤਾ ਕੀਤੀ ਜਾਂਦੀ ਹੈ; ਅਤੇ
- **ਸਿਹਤ ਅਸਮਾਨਤਾਵਾਂ ਨੂੰ ਘਟਾਉਣ ਦੀ ਵਚਨਬੱਧਤਾ** ਜਨਤਕ ਸਿਹਤ ਪ੍ਰਣਾਲੀ ਦੇ ਸਾਰੇ ਹਿੱਸਿਆਂ ਲਈ ਤਰਜੀਹ ਹੈ, ਜੋ ਸਿਹਤ ਦੇ ਵਿਆਪਕ ਨਿਰਧਾਰਕਾਂ ਵੱਲ ਧਿਆਨ ਦੇਣ ਅਤੇ ਸਿਹਤ ਸੇਵਾਵਾਂ ਤਕ ਪਹੁੰਚਣ ਅਤੇ ਇਸ ਦੇ ਨਤੀਜਿਆਂ ਵਿੱਚ ਅਸਮਾਨਤਾਵਾਂ ਘਟਾਉਣ ਲਈ NHS ਦੀ ਭੂਮਿਕਾ ਵਿੱਚ ਸਹਇਤਾ ਕਰਨ ਲਈ ਮੈਰਮੋਟ ਸਮੀਖਿਆ[1] ਨੂੰ ਪ੍ਰਯੋਗ ਕਰਦੀ ਹੈ।

5. ਜਨਤਕ ਸਿਹਤ ਬਾਰੇ ਹਾਲੀਆ ਸਲਾਹ-ਮਸ਼ਵਰਿਆਂ ਅਤੇ ਹੈਲਥ ਐਂਡ ਸੋਸ਼ਲ ਕੇਅਰ ਬਿਲ (ਸਿਹਤ ਅਤੇ ਸਮਾਜਿਕ ਦੇਖਭਾਲ ਬਾਰੇ ਬਿਲ) ਲਈ ਸੁਣਨ ਦੀ ਕਵਾਇਦ ਨੇ ਜਨਤਕ ਸਿਹਤ ਬਾਰੇ ਇਸ ਮਜ਼ਬੂਤ ਬਣਾਏ ਗਏ ਕੇਂਦਰ-ਬਿੰਦੂ ਲਈ, ਸਥਾਨਕ ਸਰਕਾਰ ਨੂੰ ਨਵੀਆਂ ਜਨਤਕ ਸਿਹਤ ਜ਼ਿੰਮੇਵਾਰੀਆਂ ਦੇਣ ਅਤੇ ਮੈਰਮੋਟ ਏਜੰਡੇ ਪ੍ਰਤੀ ਵਚਨਬੱਧਤਾ ਲਈ ਵਿਆਪਕ ਸਮਰਥਨ ਦਾ ਪ੍ਰਦਰਸ਼ਨ ਕੀਤਾ ਹੈ। ਪਰ ਨਵੀਂ ਪ੍ਰਣਾਲੀ ਵਿੱਚ ਡਾਇਰੈਕਟਰ ਆਫ਼ ਪਬਲਿਕ ਹੈਲਥ (ਜਨਤਕ ਸਿਹਤ ਦੇ ਨਿਦੇਸ਼ਕ) ਦੀ ਭੂਮਿਕਾ, ਵਿਖੰਡਨ ਨੂੰ ਟਾਲਣ ਦੀ ਲੋੜ, ਜਨਤਕ ਸਿਹਤ ਪ੍ਰਣਾਲੀ ਅੰਦਰ ਸੁਤੰਤਰਤਾ ਯਕੀਨੀ ਬਣਾਉਣ, ਮਜ਼ਬੂਤ ਵਿਸ਼ੇਸ਼ੱਗ ਜਨਤਕ ਸਿਹਤ ਪੇਸ਼ੇ ਅਤੇ ਵਿਆਪਕ ਜਨਤਕ ਸਿਹਤ ਦੇ ਕਰਮਚਾਰੀਆਂ ਦੇ ਨਿਰੰਤਰ ਵਿਕਾਸ ਲਈ ਕਰਮਚਾਰੀਆਂ ਅਤੇ ਮਾਨਵ ਸੰਸਾਧਨ (HR) ਨੀਤੀਆਂ ਦੇ ਸਮਰਥਨ ਨੂੰ ਯਕੀਨੀ ਬਣਾਉਣ ਦੇ ਸਬੰਧ ਵਿੱਚ ਚਿੰਤਾਵਾਂ ਪ੍ਰਗਟ ਕੀਤੀਆਂ ਗਈਆਂ ਸਨ।

6. ਇਹ ਨੀਤੀ ਬਿਆਨ ਨਵੀਂ ਜਨਤਕ ਸਿਹਤ ਪ੍ਰਣਾਲੀ ਦੇ ਵਿਕਾਸ ਲਈ ਸਾਡੇ ਵੱਲੋਂ ਕੀਤੀ ਗਈ ਤਰੱਕੀ ਅਤੇ ਉਪਰੋਕਤ ਬਿਆਨ ਕੀਤੀਆਂ ਚਿੰਤਾਵਾਂ ਨਾਲ ਨਜਿੱਠਣ ਬਾਰੇ ਦੱਸਦਾ ਹੈ। ਅਜਿਹਾ ਕਰਦਿਆਂ ਪੇਪਰ ਇਸ ਬਾਰੇ ਦੱਸਦਾ ਹੈ ਕਿ ਅਸੀਂ ਸੁਧਰੀ ਹੋਈ ਜਨਤਕ ਸਿਹਤ ਪ੍ਰਣਾਲੀ ਦੇ ਕਿਵੇਂ ਕੰਮ ਕਰਨ ਦੀ ਆਸ ਕਰਦੇ ਹਾਂ ਜਿਸ ਵਿੱਚ ਸ਼ਾਮਲ ਹੈ:
    - ਸਿਹਤ ਸੁਧਾਰ, ਸਿਹਤ ਸੁਰੱਖਿਆ ਅਤੇ ਵੱਸੋਂ ਦੀ ਸਿਹਤ-ਦੇਖਭਾਲ ਵਿੱਚ **ਸਥਾਨਕ ਅਥਾਰਟੀਆਂ ਅਤੇ ਡਾਇਰੈਕਟਰ ਆਫ਼ ਪਬਲਿਕ ਹੈਲਥ ਦੀ ਭੂਮਿਕਾ** ਨੂੰ ਸਪਸ਼ਟ ਕਰਨਾ;
    - ਇਸ ਬਾਰੇ ਪ੍ਰਸਤਾਵ ਕਿ ਵੱਖ-ਵੱਖ ਜਨਤਕ ਸਿਹਤ ਸੇਵਾਵਾਂ ਨੂੰ **ਸ਼ੁਰੂ ਕਰਨ** ਲਈ ਕੌਣ ਜਿੰਮੇਵਾਰ ਹੈ;
    - ਉਹ **ਲਾਜ਼ਮੀ ਸੇਵਾਵਾਂ** ਜੋ ਸਥਾਨਕ ਅਥਾਰਟੀਆਂ ਨੂੰ ਮੁਹੱਈਆ ਕਰਨ ਦੀ ਲੋੜ ਹੋਵੇਗੀ;
    - **ਗਰਾਂਟ ਲਈ ਸ਼ਰਤਾਂ** ਜਿਹਨਾਂ ਨੂੰ ਅਸੀਂ ਸਥਾਨਕ ਅਥਾਰਟੀ ਦੀ ਜਨਤਕ ਸਿਹਤ ਗਰਾਂਟ 'ਤੇ ਲਗਾਉਣ ਦੀ ਆਸ ਕਰਦੇ ਹਾਂ;
    - **ਪਬਲਿਕ ਹੈਲਥ ਇੰਗਲੈਂਡ** ਨੂੰ ਢਾਂਚੇ ਦੇ ਅੰਦਰ ਵਧੇਰੇ ਕੰਮਕਾਜੀ ਸੁਤੰਤਰਤਾ ਮੁਹੱਈਆ ਕਰਨ ਲਈ ਇੱਕ ਕਾਰਜਕਾਰੀ ਏਜੰਸੀ ਦੇ ਤੌਰ 'ਤੇ ਸਥਾਪਤ ਕਰਨਾ ਜੋ ਸਪਸ਼ਟ ਤੌਰ 'ਤੇ ਸੈਕਟਰੀ ਆਫ਼ ਸਟੇਟ ਫਾਰ ਹੈਲਥ ਨੂੰ ਜਵਾਬਦੇਹ ਹੋਵੇ;
    - **ਐਮਰਜੈਂਸੀ ਲਈ ਤਿਆਰੀ, ਲਚਕਤਾ ਅਤੇ ਪ੍ਰਤਿਕਿਰਿਆ** ਲਈ ਸਪਸ਼ਟ ਸਿਧਾਂਤ।

7. ਇਹ ਵਾਇਟ ਪੇਪਰ ਇਸ ਗੱਲ ਨੂੰ ਵੀ ਮੰਨਦਾ ਹੈ ਕਿ ਕੁਝ ਅਜਿਹੇ ਮੁੱਦੇ ਹਨ ਜਿਹਨਾਂ ਨੂੰ ਹੋਰ ਜ਼ਿਆਦਾ ਵਿਕਸਤ ਕਰਨ ਦੀ ਲੋੜ ਹੈ। ਇਸ ਲਈ ਅਸੀਂ ਆਉਣ ਵਾਲੇ ਮਹੀਨਿਆਂ ਦੌਰਾਨ ਵਿਸ਼ਵਾਸਯੋਗ ਨੀਤੀ ਤਿਆਰ ਕਰਨ ਅਤੇ ਲਾਗੂਕਰਣ ਨਿਪਟਾਰਿਆਂ ਵਿੱਚ ਆਪਣੀ ਮਦਦ ਲਈ ਸਥਾਨਕ ਸਰਕਾਰ, ਜਨਤਕ ਸਿਹਤ ਅਤੇ NHS ਦੇ ਅਹਿਮ ਹਿੱਸੇਦਾਰਾਂ ਨਾਲ ਜੁੜਾਂਗੇ। ਅਸੀਂ ਜਨਤਕ ਸਿਹਤ ਪ੍ਰਣਾਲੀ ਦੀ ਕੰਮਕਾਜੀ ਰੂਪਰੇਖਾ ਨੂੰ ਮੁਕੰਮਲ ਕਰਨ ਲਈ ਜਨਤਕ ਸਿਹਤ ਪ੍ਰਣਾਲੀ ਦੇ ਸੁਧਾਰ ਦੀਆਂ ਤਾਜ਼ਾ ਜਾਣਕਾਰੀਆਂ (Public Health System Reform Updates) ਦੀ ਲੜੀ ਤਿਆਰ ਕਰਾਂਗੇ ਜਿਸ ਵਿੱਚ ਸ਼ਾਮਲ ਹਨ:
    - **ਜਨਤਕ ਸਿਹਤ ਨਤੀਜਿਆਂ ਲਈ ਢਾਂਚਾ** ਇਹ ਵੇਰਵੇ ਦੇਣ ਲਈ ਕਿ ਅਸੀਂ ਜਨਤਕ ਸਿਹਤ ਨਤੀਜਿਆਂ ਅਤੇ ਸੁਧਾਰਾਂ ਦਾ ਕਿਵੇਂ ਧਿਆਨ ਰੱਖਾਂਗੇ;
    - **ਪਬਲਿਕ ਹੈਲਥ ਇੰਗਲੈਂਡ ਦਾ ਕੰਮਕਾਜੀ ਨਮੂਨਾ (Public Health England Operating Model)** ਇਹ ਵਰਨਣ ਕਰਨ ਲਈ ਕਿ ਪਬਲਿਕ ਹੈਲਥ ਇੰਗਲੈਂਡ ਕਿਵੇਂ ਕੰਮ ਕਰੇਗਾ, ਇਸ ਦੇ ਸਬੰਧ, ਅਤੇ ਇਹ ਸਿਹਤ ਸਬੰਧੀ ਸੁਧਰੇ ਹੋਏ ਨਤੀਜਿਆਂ ਵਿੱਚ ਕਿਵੇਂ ਸਹਾਇਤਾ ਕਰ ਸਕਦਾ ਹੈ;

---

TP[1]PT Marmot, M. (2010) *Fair Society, Healthy Lives: Strategic Review of Health Inequalities in England post 2010 (ਨਿਰਪੱਖ ਸਮਾਜ, ਸਿਹਤਮੰਦ ਜ਼ਿੰਦਗੀਆਂ: 2010 ਤੋਂ ਬਾਅਦ ਇੰਗਲੈਂਡ ਵਿੱਚ ਸਿਹਤ ਸਬੰਧੀ ਅਸਮਾਨਤਾਵਾਂ ਦੀ ਰਣਨੀਤਿਕ ਸਮੀਖਿਆ*), www.marmotreview.org

- **ਸਥਾਨਕ ਸਰਕਾਰ ਵਿੱਚ ਜਨਤਕ ਸਿਹਤ ਅਤੇ ਡਾਇਰੈਕਟਰ ਆਫ਼ ਪਬਲਿਕ ਹੈਲਥ**, ਇਸ ਦਸਤਾਵੇਜ਼ ਵਿੱਚ ਦੱਸੀ ਭੂਮਿਕਾ 'ਤੇ ਅਧਾਰਤ ਆਖਰੀ ਵਿਸਤ੍ਰਿਤ ਕੰਮਕਾਜੀ ਰੂਪਰੇਖਾ;
- **ਜਨਤਕ ਸਿਹਤ ਲਈ ਵਿੱਤੀ ਸਹਾਇਤਾ**, ਜਨਤਕ ਸਿਹਤ ਖਰਚ ਲਈ ਅਧਾਰ ਰੇਖਾ ਕਾਇਮ ਕਰਨੀ ਅਤੇ ਵੰਡ ਕਰਨ ਦੀ ਕਾਰਜਵਿਧੀ, ਸਿਹਤ ਪ੍ਰੀਮਿਅਮ ਅਤੇ ਸੰਕੇਤਕ ਵੰਡ ਦੇ ਵੇਰਵੇ;
- **ਕਰਮਚਾਰੀ,** ਅਸੀਂ ਵਿਆਪਕ ਕਰਮਚਾਰੀ ਰਣਨੀਤੀ ਪ੍ਰਕਾਸ਼ਿਤ ਕਰਾਂਗੇ। ਅਸੀਂ ਜਨਤਕ ਸਿਹਤ ਪੇਸ਼ੇਵਰਾਂ ਦੀਆਂ ਸੇਵਾ ਦੀਆਂ ਸ਼ਰਤਾਂ ਅਤੇ ਵਿਨਿਯਮਾਂ ਨਾਮ ਸਬੰਧਤ ਚਿੰਤਾਵਾਂ ਨਾਲ ਨਜਿੱਠਣ ਲਈ ਸਥਾਨਕ ਅਥਾਰਟੀਆਂ ਅਤੇ ਜਨਤਕ ਸਿਹਤ ਪੇਸ਼ੇਵਰਾਂ ਨਾਲ ਮਿਲ ਕੇ ਕੰਮ ਕਰਾਂਗੇ।

8. ਪਤਝੜ ਅਤੇ ਨਵੇਂ ਸਾਲ ਵੱਲ ਵੱਧਦੇ ਹੋਏ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਜਨਤਕ ਸਿਹਤ ਜਿੰਮੇਵਾਰੀਆਂ ਨੂੰ ਸਥਾਨਕ ਅਥਾਰਟੀਆਂ ਵੱਲ ਤਬਦੀਲ ਕਰਨ ਦੀ ਕਾਰਵਾਈ ਨੂੰ ਸਹਾਰਾ ਦੇਣ ਅਤੇ ਪਬਲਿਕ ਹੈਲਥ ਇੰਗਲੈਂਡ ਸਥਾਪਿਤ ਕਰਨ ਵਾਸਤੇ ਵਿਸਤ੍ਰਿਤ ਯੋਜਨਾਵਾਂ ਮੌਜੂਦ ਹੋਣ। ਦੋਵੇਂ ਅਪ੍ਰੈਲ 2013 ਤੋਂ ਆਪਣੀਆਂ ਮੁਕੰਮਲ ਜਿੰਮੇਵਾਰੀਆਂ ਲੈ ਲੈਣਗੇ। ਰਸਮੀ ਤਬਾਦਲੇ ਤੋਂ ਪਹਿਲਾਂ ਸੰਕੇਤਕ ਅਤੇ ਸਾਂਝੇ ਇਕਰਾਰਨਾਮਿਆਂ ਦੇ ਰਾਹੀਂ ਅਹਿਮ ਤਰੱਕੀ ਕੀਤੀ ਜਾ ਸਕਦੀ ਹੈ। ਅਸੀਂ ਰਫ਼ਤਾਰ ਪਕੜਨ ਨੇ ਤਰੀਕਿਆਂ ਅਤੇ ਰਸਮੀ ਤਬਾਦਲੇ ਸਮੇਂ ਜੋਖਮਾਂ ਨੂੰ ਘਟਾਉਣ ਲਈ ਅਜਿਹੀ ਪਹੁੰਚ ਨੂੰ ਉਤਸ਼ਾਹਿਤ ਕਰਦੇ ਹਾਂ।

# 1. ਤੁਹਾਡੇ ਵਿਚਾਰਾਂ ਨੂੰ ਸੁਣਨਾ

## ਸਲਾਹ-ਮਸ਼ਵਰੇ ਅਤੇ ਸੁਣਨ ਦੀ ਕਵਾਇਦ ਬਾਰੇ ਰਿਪੋਰਟ

*1.1.* 30 ਨਵੰਬਰ 2010 ਨੂੰ ਸਰਕਾਰ ਨੇ *ਸਿਹਤਮੰਦ ਜ਼ਿੰਦਗੀਆਂ, ਸਿਹਤਮੰਦ ਲੋਕ: ਇੰਗਲੈਂਡ ਵਿੱਚ ਜਨਤਕ ਸਿਹਤ ਲਈ ਸਾਡੀ ਰਣਨੀਤੀ* ਪ੍ਰਕਾਸ਼ਿਤ ਕੀਤੀ, ਜੋ ਤੰਦਰੁਸਤੀ ਨੂੰ ਸਾਡੇ ਦੁਆਰਾ ਕੀਤੇ ਜਾਣ ਵਾਲੇ ਸਭ ਕੰਮਾਂ - ਸਿਹਤ ਵਿੱਚ ਅਤੇ ਸਮੁੱਚੀ ਸਰਕਾਰ ਵਿੱਚ - ਨੂੰ ਕੇਂਦਰ ਵਿੱਚ ਰੱਖਣ ਲਈ ਵਿਆਪਕ ਦੂਰਦ੍ਰਿਸ਼ਟੀ ਬਾਰੇ ਦੱਸਦੀ ਹੈ। ਇਸ ਨੇ ਸਲਾਹ-ਮਸ਼ਵਰਿਆਂ ਵਿੱਚ ਕਈ ਸਵਾਲ ਉਠਾਏ ਅਤੇ ਡਾ.ਗੈਬਰੀਆਲ ਸਕੇਲੀ ਦੀ *ਜਨਤਕ ਸਿਹਤ ਪੇਸ਼ਾਵਰਾਂ ਦੇ ਵਿਨਿਯਮਾਂ ਦੀ ਪੜਚੋਲ* ਬਾਰੇ ਵਿਚਾਰ ਮੰਗੇ।

1.2. ਵਾਇਟ ਪੇਪਰ ਨੂੰ ਸਲਾਹ-ਮਸ਼ਵਰੇ ਦੇ ਦੋ ਅਗਲੇਰੇ ਦਸਤਾਵੇਜ਼ਾਂ, *ਸਿਹਤਮੰਦ ਜ਼ਿੰਦਗੀਆਂ, ਸਿਹਤਮੰਦ ਲੋਕ: ਨਤੀਜਿਆਂ ਵਿੱਚ ਪਾਰਦਰਸ਼ਤਾ, ਅਤੇ ਸਿਹਤਮੰਦ ਜ਼ਿੰਦਗੀਆਂ, ਸਿਹਤਮੰਦ ਲੋਕ: ਵਿੱਤੀ ਸਹਾਇਤਾ ਬਾਰੇ ਸਲਾਹ-ਮਸ਼ਵਰਾ ਅਤੇ ਜਨਤਕ ਸਿਹਤ ਨੂੰ ਸ਼ੁਰੂ ਕਰਨ ਦੇ ਰਸਤੇ*, ਦੁਆਰਾ ਮੁਕੰਮਲ ਕੀਤਾ ਗਿਆ, ਦੋਵੇਂ ਦਸੰਬਰ 2010 ਵਿੱਚ ਪ੍ਰਕਾਸ਼ਿਤ ਹੋਏ। ਸਾਰੇ ਤਿੰਨ ਦਸਤਾਵੇਜ਼ਾਂ 'ਤੇ 31 ਮਾਰਚ 2011 ਤੱਕ ਸਲਾਹ-ਮਸ਼ਵਰਾ ਜਾਰੀ ਰਿਹਾ। ਡਿਪਾਰਟਮੈਂਟ ਆਫ਼ ਹੈਲਥ ਸਲਾਹ-ਮਸ਼ਵਰੇ ਸਬੰਧੀ 60 ਪ੍ਰੋਗਰਾਮਾਂ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਰਿਹਾ, ਅਤੇ ਇਸ ਨੇ ਕਈ ਦੂਸਰੇ ਸਲਾਹ-ਮਸ਼ਵਰਿਆਂ ਵਿੱਚ ਸਹਾਇਤਾ ਕੀਤੀ।

1.3. ਵੱਖ-ਵੱਖ ਸਲਾਹ-ਮਸ਼ਵਰਿਆਂ ਵਿੱਚ ਸਾਨੂੰ 2100 ਜਵਾਬ ਮਿਲੇ। ਅਸੀਂ ਮਿਲੇ ਜਵਾਬਾਂ ਦੀ ਗੁਣਵੱਤਾ ਅਤੇ ਗਿਣਤੀ ਤੋਂ ਖ਼ੁਸ਼ ਸੀ, ਜੋ ਨਵੀਂ ਪ੍ਰਣਾਲੀ ਨੂੰ ਪੱਕੇ ਪੈਰੀਂ ਕਰਨ ਵਿੱਚ ਸਾਡੀ ਮਦਦ ਕਰਨਗੇ। ਵਿਆਪਕ ਤੌਰ 'ਤੇ, ਜਵਾਬ ਦੇਣ ਵਾਲਿਆਂ ਨੇ ਜਨਤਕ ਸਿਹਤ 'ਤੇ ਕੇਂਦਰ ਸਰਕਾਰ ਦੇ ਧਿਆਨ ਨੂੰ ਮਜਬੂਤ ਕਰਨ, ਮੈਰਮੋਟ ਏਜੰਡੇ ਪ੍ਰਤੀ ਵਚਨਬੱਧਤਾ ਅਤੇ ਸਥਾਨਕ ਸਰਕਾਰ ਨੂੰ ਨਵੀਆਂ ਜਨਤਕ ਸਿਹਤ ਜ਼ਿੰਮੇਵਾਰੀਆਂ ਦੇਣ ਦਾ ਸਵਾਗਤ ਕੀਤਾ।

1.4. ਜਵਾਬ ਦੇਣ ਵਾਲਿਆਂ ਨੇ ਜਨਤਕ ਸਿਹਤ ਦੇ ਨਤੀਜਿਆਂ ਲਈ ਢਾਂਚੇ ਅਤੇ ਜਨਤਕ ਸਿਹਤ ਲਈ ਸ਼ੁਰੂ ਕਰਨ ਦੇ ਪ੍ਰਸਤਾਵਤ ਰਸਤਿਆਂ ਵਾਸਤੇ ਪ੍ਰਸਤਾਵ ਦਾ ਸਵਾਗਤ ਕੀਤਾ, ਹਾਲਾਂਕਿ ਕੁਝ ਵਿਸਤ੍ਰਿਤ ਸੁਝਾਆਂ ਬਾਰੇ ਚਿੰਤਾਵਾਂ ਵੀ ਸਨ।

1.5. ਕੁੱਲ ਮਿਲਾ ਕੇ, ਨਵੀਂ ਪ੍ਰਸਤਾਵਤ ਪ੍ਰਣਾਲੀ ਬਾਰੇ ਜੋ ਪ੍ਰਮੁੱਖ ਚਿੰਤਾਵਾਂ ਉਠਾਈਆਂ ਗਈਆਂ ਸਨ ਉਹ ਹੇਠਾਂ ਦਿੱਤੇ ਅਨੁਸਾਰ ਹਨ: ਜਵਾਬ ਦੇਣ ਵਾਲਿਆਂ ਨੇ:

- ਡਿਪਾਰਟਮੈਂਟ ਆਫ਼ ਹੈਲਥ ਦੇ ਅੰਦਰ ਹੈਲਥ ਪ੍ਰੋਟੈਕਸ਼ਨ ਏਜੰਸੀ (ਸਿਹਤ ਸੁਰੱਖਿਆ ਏਜੰਸੀ) ਦੀ ਸੁਤੰਤਰ ਸਲਾਹ ਦੇਣ ਦੀ ਯੋਗਤਾ ਨੂੰ ਬਰਕਰਾਰ ਰੱਖਣ ਦੀ ਅਹਿਮੀਅਤ, ਅਤੇ ਡਾਇਰੈਕਟਰਜ ਆਫ਼ ਪਬਲਿਕ ਹੈਲਥ ਦੀ ਉਹਨਾਂ ਦੀ ਸਥਾਨਕ ਵੱਜੋਂ ਤਰਫੋਂ ਸੁਤੰਤਰ ਅਵਾਜ਼ ਵੱਜੋਂ ਭੂਮਿਕਾ ਨਿਭਾਉਣ ਦੀ ਲੋੜ ਨੂੰ ਉਜਾਗਰ ਕੀਤਾ;
- ਸਥਾਨਕ ਸਰਕਾਰ ਅੰਦਰ ਡਾਇਰੈਕਟਰਜ ਆਫ਼ ਪਬਲਿਕ ਹੈਲਥ ਦੀ ਭੂਮਿਕਾ ਅਤੇ ਅਧਿਕਾਰ ਬਾਰੇ ਸਵਾਲ ਕੀਤੇ। ਖਾਸ ਤੌਰ 'ਤੇ, ਜਵਾਬ ਦੇਣ ਵਾਲਿਆਂ ਨੇ ਜਨਤਕ ਸਿਹਤ ਦੇ ਤਿੰਨ ਸਮੁੱਚੇ ਕਾਰਜ-ਖੇਤਰਾਂ ਵਿੱਚ ਡਾਇਰੈਕਟਰ ਆਫ਼ ਪਬਲਿਕ ਹੈਲਥ ਦੀ ਭੂਮਿਕਾ ਬਾਰੇ, ਅਤੇ ਭਵਿੱਖ ਵਿੱਚ ਪ੍ਰਭਾਵਸ਼ਾਲੀ, ਇੱਕਸਾਰ, ਪਹੁੰਚਯੋਗ ਅਤੇ ਢੁਕਵੀਆਂ ਸਿਹਤ ਸੇਵਾਵਾਂ ਤਿਆਰ ਕਰਨ ਵਿੱਚ ਜਨਤਕ ਸਿਹਤ ਮਾਹਰਾਂ ਦੁਆਰਾ ਨਿਭਾਈ ਜਾਣ ਵਾਲੀ ਭੂਮਿਕਾ ਬਾਰੇ ਹੋਰ ਸਪਸ਼ਟੀਕਰਣ ਮੰਗਿਆ;
- ਵੱਖ-ਵੱਖ ਸੰਸਥਾਵਾਂ ਵਿੱਚ ਦੇਖਭਾਲ ਦੇ ਸਮੁੱਚੇ ਪ੍ਰੋਗਰਾਮਾਂ ਜਾਂ ਰਸਤਿਆਂ ਦੀ ਸ਼ੁਰੂਆਤ ਲਈ ਵੰਡੀਆਂ ਜ਼ਿੰਮੇਵਾਰੀਆਂ ਬਾਰੇ ਚਿੰਤਾਵਾਂ ਪ੍ਰਗਟ ਕੀਤੀਆਂ;
- ਇਹ ਪੁੱਛਿਆ ਕਿ ਨਵੀਂ ਪ੍ਰਣਾਲੀ ਦੇ ਅਹਿਮ ਪਹਿਲੂਆਂ ਨੂੰ ਕਿਵੇਂ ਲਾਗੂ ਕੀਤਾ ਜਾਵੇਗਾ, ਖਾਸ ਤੌਰ 'ਤੇ ਹਾਦਸਿਆਂ ਅਤੇ ਐਮਰਜੈਂਸੀਆਂ ਵਿੱਚ ਅਹਿਮ ਹਿੱਸੇਦਾਰਾਂ ਦੀਆਂ ਭੂਮਿਕਾਵਾਂ ਅਤੇ ਜਿੰਮੇਵਾਰੀਆਂ ਬਾਰੇ;
- ਮਕਸਦ ਲਈ ਸੁਰੱਖਿਅਤ ਕੀਤੀ ਗਰਾਂਟ ਦੇ ਅਕਾਰ ਅਤੇ ਕਾਰਜ-ਖੇਤਰ ਬਾਰੇ ਸਪਸ਼ਟੀਕਰਣ ਮੰਗਿਆ;
- ਇਹ ਮਹਿਸੂਸ ਕੀਤਾ ਕਿ ਜਨਤਕ ਸਿਹਤ ਮਾਹਰਾਂ ਨੂੰ NHS ਤੋਂ ਬਾਹਰ ਭੇਜਣ ਦੇ ਨਤੀਜੇ ਵੱਜੋਂ ਕਰਮਚਾਰੀ ਵੰਡੇ ਜਾਣਗੇ, ਅਤੇ ਸਥਾਨਕ ਅਥਾਰਟੀਆਂ ਵਿੱਚ ਜਨਤਕ ਸਿਹਤ ਸਟਾਫ ਅਤੇ ਡਿਪਾਰਟਮੈਂਟ ਆਫ਼ ਹੈਲਥ ਦੇ ਨਿਯਮਾਂ ਅਤੇ ਸ਼ਰਤਾਂ ਬਾਰੇ ਸਪਸ਼ਟੀਕਰਣ ਮੰਗਿਆ।

1.6. ਸਲਾਹ-ਮਸ਼ਵਰੇ ਖਤਮ ਹੋਣ ਤੋਂ ਬਾਅਦ ਜਲਦੀ ਹੀ, ਸਰਕਾਰ ਨੇ NHS ਫਿਊਚਰ ਫੋਰਮ (ਭਵਿੱਖੀ ਫੋਰਮ) ਦੀ ਸ਼ੁਰੂਆਤ ਕੀਤੀ, ਜਿਸ ਨੂੰ ਸਰਕਾਰ ਦੇ ਪ੍ਰਸਤਾਵਤ ਸਿਹਤ ਸੁਧਾਰਾਂ ਦੇ ਪੱਖਾਂ ਬਾਰੇ ਪ੍ਰਗਟਾਈਆਂ ਗਈਆਂ ਚਿੰਤਾਵਾਂ ਲਈ ਸ਼ਾਮਲ ਕਰਨ, ਸੁਣਨ ਅਤੇ ਸਲਾਹ

ਦੇਣ ਦੀ ਜ਼ਿੰਮੇਵਾਰੀ ਦਿੱਤੀ। ਹਾਲਾਂਕਿ ਸੁਣਨ ਦੀ ਕਵਾਇਦ NHS 'ਤੇ ਕੇਂਦਰਤ ਰਹੀ, ਪਰ ਜਨਤਕ ਸਿਹਤ ਬਾਰੇ ਸਾਨੂੰ ਕਈ ਬਹੁਤ ਮਦਦਗਾਰ ਯੋਗਦਾਨ ਮਿਲੇ ਜੋ ਅਗਲੇ ਰਸਤੇ ਬਾਰੇ ਸਾਡੀ ਸੋਚ ਨੂੰ ਅਕਾਰ ਦੇਣ ਵਿੱਚ ਮਦਦ ਕਰ ਰਹੇ ਹਨ। NHS ਫਿਊਚਰ ਫੋਰਮ ਪ੍ਰਤੀ ਸਰਕਾਰ ਦਾ ਜਵਾਬ, ਜੋ 20 ਜੂਨ 2011 ਨੂੰ ਪ੍ਰਕਾਸ਼ਿਤ ਹੋਇਆ, ਨੇ ਦੱਸਿਆ ਕਿ ਸੁਣਨ ਦੀ ਕਵਾਇਦ (ਅਤੇ ਜਨਤਕ ਸਿਹਤ ਬਾਰੇ ਸਲਾਹ-ਮਸ਼ਵਰਿਆਂ ਤੋਂ ਉਭਰੇ ਵਿਸ਼ਿਆਂ) ਦੀ ਰੋਸ਼ਨੀ ਵਿੱਚ ਨੀਤੀ ਵਿੱਚ ਕੀ ਤਬਦੀਲੀ ਆਈ ਹੈ। ਇਹਨਾਂ ਤਬਦੀਲੀਆਂ ਵਿੱਚ ਕਾਰਜਕਾਰੀ ਏਜੰਸੀ ਦੇ ਰੂਪ ਵਿੱਚ ਪਬਲਿਕ ਹੈਲਥ ਇੰਗਲੈਂਡ ਨੂੰ ਬਣਾਉਣਾ ਅਤੇ ਜਨਤਕ ਸਿਹਤ ਤੋਂ ਸਲਾਹ ਸਮੇਤ, ਢੁਕਵੀਂ ਕਿਸਮ ਦੀ ਡਾਕਟਰੀ ਸਲਾਹ ਹਾਸਲ ਕਰਨ ਲਈ ਸਿਹਤ-ਸੰਭਾਲ ਕਮਿਸ਼ਨਰਾਂ 'ਤੇ ਸਖਤ ਜ਼ਿੰਮੇਵਾਰੀਆਂ ਲਗਾਉਣੀਆਂ ਸ਼ਾਮਲ ਹਨ।

1.7. NHS ਫਿਊਚਰ ਫੋਰਮ ਦੇ ਸਰਕਾਰ ਦੇ ਜਵਾਬ ਵਿੱਚ ਇਸ ਬਾਰੇ ਅਗਲੇਰੇ ਵੇਰਵਿਆਂ ਲਈ ਵਾਅਦਾ ਕੀਤਾ ਗਿਆ ਕਿ ਅਸੀਂ ਇਹ ਕਿਵੇਂ ਯਕੀਨੀ ਬਣਾਵਾਂਗੇ ਕਿ ਗੁਣਵੱਤਾ ਅਤੇ ਮਰੀਜ਼ਾਂ ਦੇ ਨਤੀਜਿਆਂ ਵਿੱਚ ਸੁਧਾਰਾਂ ਨੂੰ ਅੱਗੇ ਲਿਜਾਉਣ ਲਈ ਅਗਵਾਈ ਮੁਹੱਈਆ ਕਰਨ ਅਤੇ ਸਿਹਤ ਸਬੰਧੀ ਅਸਮਾਨਤਾਵਾਂ ਨੂੰ ਘਟਾਉਣ ਵਿੱਚ ਜਨਤਕ ਸਿਹਤ ਪੇਸ਼ੇਵਾਰ, NHS ਕਮਿਸ਼ਨਰਾਂ ਦੀ ਭਾਈਵਾਲੀ ਵਿੱਚ ਅਹਿਮ ਭੂਮਿਕਾ ਨਿਭਾਉਣ (ਪੈਰਾ 3.63)[2]। ਜਵਾਬ ਨੇ ਇਹ ਸ਼ਪਸ਼ਟ ਕਰ ਦਿੱਤਾ ਕਿ ਸਮਾਨਤਾ ਨੂੰ ਅੱਗੇ ਵਧਾਉਣ, ਅਸਮਾਨਤਾਵਾਂ ਨਾਲ ਨਜਿੱਠਣ ਅਤੇ ਸਭ ਤੋਂ ਕਮਜ਼ੋਰ ਲੋਕਾਂ ਦੀ ਸਿਹਤ ਵਿੱਚ ਸੁਧਾਰ ਕਰਨ ਲਈ ਸੁਧਾਰ ਤਾਕਤਵਰ ਬਲ ਹੋਣਗੇ।

1.8. ਇਹ ਨੀਤੀ ਬਿਆਨ ਸਮੁੱਚੇ ਜੀਵਨ-ਕਾਲ ਵਿੱਚ ਜਨਤਕ ਸਿਹਤ ਲਈ ਸਰਕਾਰ ਦੀ ਦੂਰਦ੍ਰਿਸ਼ਟੀ ਦੀ ਮੁੜ ਤੋਂ ਪੁਸ਼ਟੀ ਕਰਦਾ ਹੈ। ਨਵੀਂ ਪਹੁੰਚ ਦਾ ਮਕਸਦ ਸ਼ੁਰੂਆਤੀ ਸਾਲਾਂ ਲਈ ਮਜਬੂਤ ਸਹਾਇਤਾ ਦੇ ਨਾਲ, ਨਾਗਰਿਕਾਂ ਲਈ ਬਿਹਤਰੀਨ ਨਤੀਜੇ ਪ੍ਰਦਾਨ ਕਰਨ 'ਤੇ ਕੇਂਦਰਤ ਵਧੇਰੇ ਵਿਅਕਤੀਗਤ ਬਣਾਈਆਂ ਗਈਆਂ ਅਤੇ ਰੋਕਮਈ ਸੇਵਾਵਾਂ 'ਤੇ ਜੋਰ ਦਿੰਦੇ ਹੋਏ, ਬਾਲਪਨ ਤੋਂ ਹੀ ਲੋਕਾਂ ਦੇ ਸਵੈ-ਮਾਣ, ਭਰੋਸੇ ਅਤੇ ਲਚਕਤਾ ਨੂੰ ਅੱਗੇ ਵਧਾਉਣਾ ਹੈ। ਇਹ ਸਲਾਹ-ਮਸ਼ਵਰੇ ਵਿੱਚ ਉਠਾਏ ਗਏ ਮੁੱਦਿਆਂ ਨਾਲ ਨਜਿੱਠਣ ਵਿੱਚ ਸਾਡੀ ਪ੍ਰਗਤੀ ਬਾਰੇ ਦੱਸਦੀ ਹੈ ਅਤੇ ਉਸ ਵੱਲ ਇਸ਼ਾਰਾ ਕਰਦੀ ਹੈ ਜਿੱਥੇ ਅਸੀਂ ਆਪਣੇ ਵਿਚਾਰਾਂ ਨੂੰ ਪਰਖਣ ਲਈ ਅਤੇ ਨਵੀਂ ਪ੍ਰਣਾਲੀ ਦੀ ਰੂਪਰੇਖਾ ਨੂੰ ਅੰਤਮ ਰੂਪ ਦੇਣ ਲਈ ਆਪਣੇ ਹਿੱਸੇਦਾਰਾਂ ਨਾਲ ਜਲਦੀ ਨਾਲ ਕੰਮ ਕਰਾਂਗੇ।

1.9. ਇਸ ਨੀਤੀ ਬਿਆਨ ਵਿੱਚ ਅਸੀਂ ਜਿਹੜੀਆਂ ਯੋਜਨਾਵਾਂ ਦਾ ਵਰਨਣ ਕੀਤਾ ਹੈ ਉਹ ਪੂਰਨ ਤੌਰ 'ਤੇ *ਸਿਹਤਮੰਦ ਜ਼ਿੰਦਗੀਆਂ, ਸਿਹਤਮੰਦ ਲੋਕ: ਇੰਗਲੈਂਡ ਵਿੱਚ ਜਨਤਕ ਸਿਹਤ ਲਈ ਸਾਡੀ ਰਣਨੀਤੀ* ਵਿੱਚ ਦੱਸੀ ਗਈ ਨੀਤੀ ਅਤੇ ਹੈਲਥ ਐਂਡ ਸੋਸ਼ਲ ਕੇਅਰ ਬਿਲ (ਸਿਹਤ ਅਤੇ ਸਮਾਜਿਕ ਦੇਖਭਾਲ ਬਿਲ) ਦੇ ਪ੍ਰਬੰਧਾਂ ਦੇ ਅਨੁਕੂਲ ਹਨ। ਵੈਸੇ ਤਾਂ, ਅਸੀਂ ਦੋਵਾਂ ਦੇ ਸਮਾਨਤਾਵਾਂ 'ਤੇ ਪੈਣ ਵਾਲੇ ਪ੍ਰਭਾਵ 'ਤੇ ਵਿਚਾਰ ਕਰਨ ਦੀ ਗੱਲ ਨੂੰ ਧਿਆਨ ਵਿੱਚ ਰੱਖਿਆ ਹੈ, ਅਤੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਅੱਗੇ ਜਾਣ ਦੇ ਰਸਤੇ ਨੂੰ ਨਿਰਧਾਰਤ ਕਰਨ ਲਈ ਅਸੀਂ ਅਜਿਹਾ ਕਰਨਾ ਜਾਰੀ ਰੱਖੀਏ। ਸਲਾਹ-ਮਸ਼ਵਰੇ ਦੇ ਜਵਾਬਾਂ ਦਾ ਸਾਰ www.dh.gov.uk 'ਤੇ ਉਪਲਬਧ ਹੋਵੇਗਾ।

---

TP[2]PT
http://www.dh.gov.uk/prod_consum_dh/groups/dh_digitalassets/documents/digitalasset/dh_127880.pdf

TSO (ਦਿ ਸਟੇਸ਼ਨਰੀ ਆਫ਼ਿਸ) ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਅਤੇ ਇਹਨਾਂ ਤੋਂ ਉਪਪਲਬਧ:

**ਆਨਲਾਈਨ:**
**www.tsoshop.co.uk**

**ਡਾਕ, ਟੈਲੀਫ਼ੋਨ, ਫੈਲਸ ਅਤੇ ਈਮੇਲ**
TSO
PO Box 29, Norwich NR3 1GN
ਟੈਲੀਫ਼ੋਨ ਆਰਡਰ/ਆਮ ਪੁੱਛਗਿੱਛਾਂ 0870 600 5522
ਪਾਰਲਿਆਮੈਂਟਰੀ ਹੋਟਲਾਈਨ Lo-Call 0845 7 023474 ਦੇ ਰਾਹੀਂ ਆਰਡਰ ਕਰੋ
ਫ਼ੈਕਸ ਆਰਡਰ: 0870 600 5533
ਈਮੇਲ: customer.services@tso.co.uk
ਟੈਕਸਟਫ਼ੋਨ: 0870 240 3701

**The Parliamentary Bookshop**
12 Bridge Street, Parliament Square,
London SW1A 2JX
ਟੈਲੀਫ਼ੋਨ ਆਰਡਰ/ਆਮ ਪੁੱਛਗਿੱਛਾਂ: 020 7219 3890
ਫ਼ੈਕਸ ਆਰਡਰ: 020 7219 3866
ਈਮੇਲ: bookshop@parliament.uk
ਇੰਟਰਨੈਟ: http://www.bookshop.parliament.uk

**TSO@Blackwell ਅਤੇ ਦੂਜੇ ਮਾਣਤਾ ਪ੍ਰਾਪਤ ਏਜੰਟ**

**ਗਾਹਕ ਪ੍ਰਕਾਸ਼ਨਾਂ ਨੂੰ ਇਸ ਪਤੇ ਤੋਂ ਵੀ ਮੰਗਵਾ ਸਕਦੇ ਹਨ:**
TSO Ireland
16 Arthur Street, Belfast BT1 4GD
ਟੈਲੀਫ਼ੋਨ ਆਰਡਰ/ਆਮ ਪੁੱਛਗਿੱਛਾਂ: 028 9023 8451
ਫ਼ੈਕਸ ਆਰਡਰ: 028 9023 5401